# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ)।

ਮੀਮੋ ਨੰ:ਸਸਅ/ਐਮਸੀ/2011/73483-523
ਮਿਤੀ,ਚੰਡੀਗੜ੍ਹ20-05-2011

ਵਿਸ਼ਾ :- ਜੁਲਾਈ 2011-12 ਵਿੱਚ ਲਈ ਜਾਣ ਵਾਲੀ ਨੌਵੀਂ ਅਤੇ ਦਸਵੀਂ ਜਮਾਤ ਤੱਕ ਦੀ ਮਹੀਨਾਵਾਰ ਪ੍ਰੀਖਿਆ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸੈਸ਼ਨ 2011-12 ਦੀ ਦੂਜੀ ਮਹੀਨਾਵਾਰ ਪ੍ਰੀਖਿਆ ਮਿਤੀ 04-07-2011 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਵਿੱਚ ਨੌਵੀਂ ਅਤੇ ਦਸਵੀਂ ਜਮਾਤਾਂ ਦੇ ਪ੍ਰਮੁੱਖ ਛੇ ਵਿਸ਼ਿਆਂ ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਦਾ ਮਹੀਨਾਵਾਰ ਟੈਸਟ ਲਿਆ ਜਾਵੇਗਾ।

3.0 ਮੁੱਖ ਦਫ਼ਤਰ ਵੱਲੋਂ, ਸਿਰਫ਼ ਨੌਵੀਂ ਅਤੇ ਦਸਵੀਂ ਜਮਾਤ ਲਈ ਕੇਵਲ ਚਾਰ ਵਿਸ਼ਿਆਂ ਦੇ ਗਣਿਤ, ਵਿਗਿਆਨ, ਸਮਾਜਿਕ ਸਿੱਖਿਆ, ਅੰਗਰੇਜ਼ੀ ਦੇ ਪ੍ਰਸ਼ਨ ਪੱਤਰ ਭੇਜੇ ਜਾਣਗੇ ਅਤੇ ਪੇਪਰ ਵਾਲੇ ਦਿਨ **ssapunjab.org** ਤੇ ਅਪਲੋਡ ਵੀ ਕੀਤੇ ਜਾਣਗੇ।ਪੇਪਰ ਦਾ ਸਿਲੇਬਸ ਮਈ 2011 ਵਿੱਚ ਕਰਵਾਏ ਗਏ ਸਿਲੇਬਸ ਵਿੱਚੋਂ ਹੋਵੇਗਾ । ਪ੍ਰਸ਼ਨ ਪੱਤਰਾਂ ਦੇ ਕੁੱਲ ਅੰਕ 20 (ਵੀਹ) ਹੋਣਗੇ ਅਤੇ ਇਹ ਮਹੀਨਾਵਾਰ ਟੈਸਟ ਜ਼ੀਰੋ ਪੀਰੀਅਡ ਵਿੱਚ ਲਿਆ ਜਾਵੇਗਾ।

4.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਛੇਵੀਂ ਤੋਂ ਅੱਠਵੀਂ ਤੱਕ ਜਮਾਤਾਂ ਦੇ ਵਿਦਿਆਰਥੀਆਂ ਦੇ ਸਰਵ-ਵਿਆਪੀ ਮੁਲਾਂਕਣ ਕਰਨ ਲਈ ਤਿਆਰ ਕੀਤੇ ਜਾ ਰਹੇ ਸੀ.ਸੀ.ਈ.ਮਾਡਲ ਨੂੰ ਅੰਤਿਮ ਰੂਪ ਦੇਣ ਤੱਕ, ਛੇਵੀਂ ਤੋਂ ਅੱਠਵੀ਼ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਮੁਲਾਂਕਣ, ਸਕੂਲ ਮੁੱਖੀ, ਸਕੂਲ ਪੱਧਰ ਤੇ ਹੀ ਵਿਸ਼ਾ ਅਧਿਆਪਕ ਤੋਂ ਹੀ ਕਰਵਾਉਣਗੇ ਅਤੇ ਵਿਦਿਆਰਥੀਆਂ ਦੀ ਪਰਫਾਰਮੈਂਸ ਦਾ ਬਕਾਇਦਾ ਰਿਕਾਰਡ ਰੱਖਣਗੇ।

5.0 ਛੇਵੀਂ ਤੋਂ ਅੱਠਵੀਂ ਜਮਾਤਾਂ ਤੱਕ ਦੇ ਵਿਦਿਆਰਥੀਆਂ ਦਾ ਜੁਲਾਈ, 2011 ਲਈ ਉਪਰੋਕਤ ਛੇ ਵਿਸ਼ਿਆਂ ਦੇ ਮੁਲਾਂਕਣ ਦੀਆਂ ਮਿਤੀਆਂ ਸਕੂਲ ਮੁੱਖੀ ਆਪਣੇ ਪੱਧਰ ਤੇ ਤਹਿ ਕਰਨਗੇ।

ਚਲਦਾ ਪੰਨਾ.......

6.0 ਜੁਲਾਈ 2011 ਵਿੱਚ ਲਏ ਜਾਣ ਵਾਲੇ ਨੌਵੀਂ ਅਤੇ ਦਸਵੀਂ ਜਮਾਤਾਂ ਦੇ ਮਹੀਨਾਵਾਰ ਟੈਸਟਾਂ ਦੀ ਡੇਟਸ਼ੀਟ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਮਿਤੀ | ਦਿਨ | ਨੌਵੀਂ ਜਮਾਤ | ਦਸਵੀਂ ਜਮਾਤ |
|---|---|---|---|---|
| 1. | 04-07-2011 | ਸੋਮਵਾਰ | ਹਿੰਦੀ | ਪੰਜਾਬੀ |
| 2. | 05-07-2011 | ਮੰਗਲਵਾਰ | ਸਮਾਜਿਕ ਸਿੱਖਿਆ | ਅੰਗਰੇਜ਼ੀ |
| 3. | 06-07-2011 | ਬੁੱਧਵਾਰ | ਅੰਗਰੇਜ਼ੀ | ਸਮਾਜਿਕ ਸਿੱਖਿਆ |
| 4. | 07-07-2011 | ਵੀਰਵਾਰ | ਪੰਜਾਬੀ | ਹਿੰਦੀ |
| 5. | 08-07-2011 | ਸ਼ੁੱਕਰਵਾਰ | ਸਾਇੰਸ | ਗਣਿਤ |
| 6. | 11-07-2011 | ਸੋਮਵਾਰ | ਗਣਿਤ | ਸਾਇੰਸ |

7.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਪਰੋਕਤ ਡੇਟਸ਼ੀਟ ਵਿਦਿਆਰਥੀਆਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਦਿਆਰਥੀ ਛੁੱਟੀਆਂ ਦੌਰਾਨ ਇਸ ਦੀ ਤਿਆਰ ਕਰਦੇ ਰਹਿਣ।

8.0 ਮਿਤੀ 26-07-2011 ਤੱਕ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਨਤੀਜੇ ਤਿਆਰ ਕਰ ਲਏ ਜਾਣ ਅਤੇ ਮਿਤੀ 30-07-2011 ਨੂੰ ਜੁਲਾਈ 2011-12 ਦੀ ਮਾਪੇ-ਅਧਿਆਪਕ ਮਿਲਣੀ ਕੀਤੀ ਜਾਵੇ ਅਤੇ ਇਸ ਦਾ ਬਕਾਇਦਾ ਰਿਕਾਰਡ ਰੱਖਿਆ ਜਾਵੇ।

9.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ